# ਤੁਹਾਡੇ ਅਧਿਕਾਰਾਂ ਦੀ ਵਿਆਖਿਆ

ਜੇ ਤੁਸੀਂ **ਹਿਰਾਸਤ ਵਿਚ ਨਹੀਂ** ਹੁੰਦੇ ਹੋ ਅਤੇ ਤੁਹਾਡੀ ਸ਼ੱਕੀ ਵਜੋਂ ਪੁੱਛ-ਗਿਛ ਕੀਤੀ ਜਾਂਦੀ ਹੈ।



## 1. ਇੰਟਰਵਿਊ ਦੇ ਦੌਰਾਨ ਵਕੀਲ ਨਾਲ ਗੁਪਤ ਸਲਾਹ ਅਤੇ ਕਨੂੰਨੀ ਮਦਦ ਦਾ ਅਧਿਕਾਰ

A. ਕਦੋਂ?

- ਤੁਹਾਨੂੰ ਇੰਟਰਵਿਊ ਤੋਂ ਪਹਿਲਾਂ ਵਕੀਲ ਨਾਲ ਗੁਪਤ ਸਲਾਹ ਅਤੇ ਇੰਟਰਵਿਊ ਦੌਰਾਨ ਕਨੂੰਨੀ ਮਦਦ ਲੈਣ ਦਾ ਅਧਿਕਾਰ ਹਾਸਿਲ ਹੈ।
- ਜੇਕਰ ਉਹ ਅਪਰਾਧ ਜਿਸ ਬਾਰੇ ਤੁਹਾਡੀ ਇੰਟਰਵਿਊ ਲਈ ਜਾ ਰਹੀ ਹੈ ਉਹ ਕੈਦ ਨਾਲ ਸਜ਼ਾਯੋਗ ਹੋਣ, ਤਾਂ C. ਦੇ ਤਹਿਤ ਨਿਰਧਾਰਿਤ ਪ੍ਰਕਿਰਿਆ ਲਾਗੂ ਹੁੰਦੀ ਹੈ।

B. ਕਿਹੜਾ ਵਕੀਲ?

- ਤੁਸੀਂ ਆਪਣੀ ਮਨਪਸੰਦ ਦੇ ਕਿਸੇ ਵੀ ਵਕੀਲ ਨਾਲ ਸਲਾਹ ਕਰਨ ਲਈ ਆਜ਼ਾਦ ਹੋ।
- ਕੁਝ ਕਾਨੂੰਨੀ ਸ਼ਰਤਾਂ ਦੇ ਆਧਾਰ 'ਤੇ ਤੁਸੀਂ ਕਾਨੂੰਨੀ ਸਹਾਇਤਾ ਪ੍ਰਣਾਲੀ ਤਹਿਤ ਵਕੀਲ ਦੀ ਸੇਵਾ ਲੈ ਸਕਦੇ ਹੋ ਜੋ ਪੂਰੀ ਤਰ੍ਹਾਂ ਜਾਂ ਕੁਝ ਹੱਦ ਤੱਕ ਮੁਫਤ ਹੁੰਦੀ ਹੈ। ਫਿਰ ਵਕੀਲ ਦੀ ਨਿਯੁਕਤੀ ਲਈ ਤੁਹਾਨੂੰ ਬਾਰ ਸੰਗਠਨ ਦੇ ਕਾਨੂੰਨੀ ਸਹਾਇਤਾ ਬਾਰੇ ਦਫਤਰ ਨੂੰ ਬੇਨਤੀ ਕਰਨੀ ਪੈਂਦੀ ਹੈ।

C. ਗੁਪਤ ਸਲਾਹ ਕਿਸ ਪ੍ਰਕਾਰ ਕੀਤੀ ਜਾਂਦੀ ਹੈ?

ਜੇ ਤੁਹਾਨੂੰ ਲਿਖਤੀ ਸੱਦਾ ਭੇਜਿਆ ਗਿਆ ਹੈ,ਤਾਂ ਨੰਬਰ 1 ਤੋਂ 4 ਅਧੀਨ ਤੁਹਾਡੇ ਹੱਕ ਦੱਸਦਿਆਂ ਅਤੇ ਇਹ ਕਹਿੰਦਿਆਂ ਕਿ ਤੁਸੀਂ ਇੰਟਰਵਿਊ ਤੋਂ ਪਹਿਲਾਂ ਵਕੀਲ ਦੀ ਸਲਾਹ ਲੈ ਲਈ ਹੋਵੇਗੀ:

- ਤੁਹਾਨੂੰ ਹੋਰ ਮੁਅਤਲੀ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਕਿਉਂ ਕਿ ਤੁਹਾਨੂੰ ਪਹਿਲਾਂ ਹੀ ਆਪਣੇ ਵਕੀਲ ਨਾਲ ਸਲਾਹ ਮਸ਼ਵਰਾ ਕਰਨ ਦਾ ਮੌਕਾ ਦਿੱਤਾ ਗਿਆ ਸੀ।
- ਜੇ ਤੁਸੀਂ ਇਕ ਵਕੀਲ ਦੀ ਮਦਦ ਪ੍ਰਾਪਤ ਕਰਨ ਲਈ ਨਹੀਂ ਆਖਦੇ ਹੋ, ਤਾਂ ਤੁਹਾਨੂੰ ਇੰਟਰਵਿਊ ਸ਼ੁਰੂ ਹੋਣ ਤੋਂ ਪਹਿਲਾਂ ਤੁਹਾਨੂੰ ਤੁਹਾਡੇ ਦੁਆਰਾ ਚੁੱਪ ਰਹਿਣ ਬਾਰੇ ਅਧਿਕਾਰ ਬਾਰੇ ਜਰੂਰ ਸਲਾਹ ਦਿੱਤੀ ਹੋਵੇਗੀ (ਪੁਆਇੰਟ 3 ਵੇਖੋ)।

ਜੇ ਤੁਹਾਨੂੰ ਕੋਈ ਲਿਖਤੀ ਸੱਦਾ ਨਹੀਂ ਭੇਜਿਆ ਗਿਆ ਜਾਂ ਅਧੂਰਾ ਲਿਖਤੀ ਸੱਦਾ ਭੇਜਿਆ ਗਿਆ ਹੋਵੇ:

- ਤੁਸੀਂ, ਕੇਵਲ ਇਕ ਮੌਕੇ, ਇੰਟਰਵਿਊ ਨੂੰ ਕਿਸੇ ਹੋਰ ਮਿਤੀ ਜਾਂ ਸਮੇਂ 'ਤੇ ਮੁਲਤਵੀ ਕਰਨ ਲਈ ਆਖ ਸਕਦੇ ਹੋ ਤਾਂ ਕਿ ਤੁਸੀਂ ਆਪਣੇ ਵਕੀਲ ਨਾਲ ਸਲਾਹ ਕਰ ਸਕੋ।
- ਤੁਸੀਂ ਟੈਲੀਫੋਨ 'ਤੇ ਆਪਣੇ ਵਕੀਲ ਨਾਲ ਗੱਲਬਾਤ ਕਰਨਾ ਚੁਣਣ ਲਈ ਆਜ਼ਾਦ ਹੋ ਜਿਸ ਤੋਂ ਬਾਅਦ ਇੰਟਰਵਿਊ ਸ਼ੁਰੂ ਹੋ ਸਕਦੀ ਹੈ।

ਤੁਸੀਂ ਇੰਟਰਵਿਊ ਸਥਾਨ ਵਿਖੇ ਆਪਣੇ ਵਕੀਲ ਦੇ ਪਹੁੰਚਣ ਦਾ ਇੰਤਜ਼ਾਰ ਕਰ ਸਕਦੇ ਹੋ।

D. ਇੰਟਰਵਿਊਜ਼ ਦੌਰਾਨ ਕਾਨੂੰਨੀ ਕਾਨੂੰਨੀ ਮਦਦ

ਤੁਹਾਡਾ ਵਕੀਲ ਇਹ ਯਕੀਨੀ ਬਣਾਏਗਾ ਕਿ:

- ਚੁੱਪ ਰਹਿਣ ਦਾ ਅਤੇ ਆਪਣੇ ਆਪ ਨੂੰ ਦੋਸ਼ੀ ਠਹਿਰਾਉਣ ਦਾ ਤੁਹਾਡਾ ਅਧਿਕਾਰ ਬਰਬਕਰਾਰ ਰਹਿੰਦੇ ਹਨ
- ਇੰਟਰਵਿਊ ਦਰਮਿਆਨ ਤੁਹਾਡੇ ਨਾਲ ਕਿਸ ਪ੍ਰਕਾਰ ਦਾ ਵਿਉਹਾਰ ਕੀਤਾ ਜਾਵੇ ਅਤੇ ਤੁਹਾਡੇ 'ਤੇ ਕਿਸੇ ਪ੍ਰਕਾਰ ਦਾ ਦਬਾਓ ਪਾਇਆ ਗਿਆ ਹੈ ਜਾਂ ਨਹੀਂ।
- ਇਹ ਤੱਥ ਕਿ ਤੁਹਾਡੇ ਅਧਿਕਾਰ ਤੁਹਾਨੂੰ ਦੱਸੇ ਗਏ ਹਨ ਅਤੇ ਇੰਟਰਵਿਊ ਦੀ ਬਾਕਾਇਦਗੀ ਯਕੀਨੀ ਬਣਾਵੇਗਾ।

ਜੇਕਰ ਇਸ ਸਬੰਧੀ ਕਿਸੇ ਵੀ ਮੁੱਦਿਆਂ ਬਾਰੇ ਤੁਹਾਡੇ ਵਕੀਲ ਦੀਆਂ ਕੋਈ ਟਿੱਪਣੀਆਂ ਹਨ, ਤਾਂ ਉਹ ਉਹਨਾਂ ਨੂੰ ਤੁਰੰਤ ਪੁਲੀਸ ਇੰਟਰਵਿਊ ਬਿਆਨ ਵਿਚ ਦਰਜ ਕਰਵਾ ਸਕਦਾ ਹੈ। ਤੁਹਾਡਾ ਵਕੀਲ ਵਿਸ਼ੇਸ਼ ਪੜਤਾਲ ਕਰਨ ਲਈ ਜਾਂ ਵਿਸ਼ੇਸ਼ ਵਿਅਕਤੀ ਦੀ ਇੰਟਰਵਿਊ ਲੈਣ ਲਈ ਆਖ ਸਕਦਾ ਹੈ। ਉਹ ਪੁੱਛੇ ਜਾ ਰਹੇ ਸਵਾਲਾਂ ਬਾਰੇ ਸਪਸ਼ਟੀਕਰਨ ਬਾਰੇ ਆਖ ਸਕਦਾ ਹੈ। ਉਹ ਜਾਂਚ ਬਾਰੇ ਅਤੇ ਇੰਟਰਵਿਊ ਬਾਰੇ ਆਪਣੀਆਂ ਟਿੱਪਣੀਆਂ ਰੱਖ ਸਕਦਾ ਹੈ। ਉਸ ਨੂੰ ਤੁਹਾਡੀ ਥਾਂ 'ਤੇ ਜਵਾਬ ਦੇਣ ਅਤੇ ਇੰਟਰਵਿਊ ਵਿਚ ਵਿਘਣ ਪਾਉਣ ਦੀ ਆਗਿਆ ਨਹੀਂ ਹੈ।

E. ਅਧਿਕਾਰਾਂ ਦਾ ਛੱਡਣਾ?

ਤੁਸੀਂ ਸਵੈ-ਇੱਛਾ ਨਾਲ ਅਤੇ ਪੂਰੀ ਸੋਚ ਵਿਚਾਰ ਤੋਂ ਬਾਅਦ ਇਹ ਅਧਿਕਾਰ ਛੱਡ ਸਕਦੇ ਹੋ. ਜੇਕਰ ਤੁਸੀਂ:

- ਕਨੂੰਨੀ ਉਮਰ ਦੇ ਹੋ;
- ਜਦੋਂ ਤੁਸੀਂ ਇਸ ਸਬੰਧੀ ਦਸਤਾਵੇਜ਼ 'ਤੇ ਮਿਤੀ ਸਮੇਤ ਦਸਤਖਤ ਕਰ ਦਿੱਤੇ ਹੋਣ।

## 2. ਅਪਰਾਧਾਂ ਬਾਰੇ ਸੰਖੇਪ ਸਾਰ ਦੱਸਣਾ

- ਤੁਹਾਨੂੰ ਉਹਨਾਂ ਅਪਰਾਧਾਂ ਜਿੰਨ੍ਹਾਂ ਬਾਰੇ ਤੁਹਾਡੀ ਇੰਟਰਵਿਊ ਲਈ ਜਾ ਰਹੀ ਹੈ, ਦੇ ਬਾਰੇ ਸੰਖੇਪ ਵਿਚ ਦੱਸੇ ਜਾਣ ਦਾ ਅਧਿਕਾਰ ਹੈ।

## 3. ਚੁੱਪ ਰਹਿਣ ਦਾ ਹੱਕ

- ਕਿਸੇ ਵੀ ਤਰ੍ਹਾਂ ਤੁਹਾਨੂੰ ਆਪਣੇ ਆਪ ਨੂੰ ਦੋਸ਼ੀ ਠਹਿਰਾਉਣ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ।
- ਤੁਹਾਡੇ ਦੁਆਰਾ ਆਪਣੀ ਸ਼ਨਾਖਤ ਬਾਰੇ ਦੱਸਣ ਤੋਂ ਬਾਅਦ, ਤੁਸੀਂ ਆਪਣਾ ਬਿਆਨ ਦੇਣਾ ਸ਼ੁਰੂ ਕਰਨ, ਪੁੱਛੇ ਗਏ ਸਵਾਲਾਂ ਦਾ ਜਵਾਬ ਦੇਣ ਜਾਂ ਚੁੱਪ ਰਹਿਣ ਬਾਰੇ ਚੁਣ ਸਕਦੇ ਹੋ।

## 4. ਇੰਟਰਵਿਊ ਦਰਮਿਆਨ ਹੋਰ ਹੱਕ

ਇੰਟਰਵਿਊ ਆਪ ਕਈ ਸੰਚਾਰ ਕਰਨ ਤੋਂ ਬਾਅਦ ਸ਼ੁਰੂ ਹੁੰਦੀ ਹੈ। ਅਪਰਾਧ ਦੇ ਸੰਚਾਰ ਦੇ ਸਾਰ ਨੂੰ ਦੁਹਰਾਉਣ ਤੋਂ ਇਲਾਵਾ ਅਤੇ ਤੁਹਾਡੇ ਦੁਆਰਾ ਚੁੱਪ ਰਹਿਣ ਦਾ ਹੱਕ ਬਾਰੇ ਤੁਹਾਨੂੰ ਦੱਸਿਆ ਜਾਵੇਗਾ ਕਿ:

- ਤੁਸੀਂ ਤੁਹਾਨੂੰ ਪੁੱਛੇ ਗਏ ਸਾਰੇ ਸਵਾਲਾਂ ਅਤੇ ਤੁਹਾਡੇ ਦੁਆਰਾ ਦਿੱਤੇ ਗਏ ਜਵਾਬਾਂ ਨੂੰ ਤੁਹਾਡੇ ਸ਼ਬਦਾਂ ਵਿਚ ਰਿਕਾਰਡ ਕਰਨ ਲਈ ਬੇਨਤੀ ਕਰ ਸਕਦੇ ਹੋ;
- ਤੁਸੀਂ ਵਿਸ਼ੇਸ਼ ਪੜਤਾਲ ਕਰਨ ਲਈ ਜਾਂ ਵਿਸ਼ੇਸ਼ ਵਿਅਕਤੀ ਦੀ ਇੰਟਰਵਿਊ ਲੈਣ ਲਈ ਆਖ ਸਕਦੇ ਹੋ;
- ਤੁਹਾਡੇ ਦੁਆਰਾ ਦਿੱਤਾ ਗਿਆ ਬਿਆਨ ਅਦਾਲਤ ਵਿਚ ਸਬੂਤ ਵਜੋਂ ਵਰਤਣ ਲਈ ਆਖ ਸਕਦੇ ਹੋ।
- ਤੁਸੀਂ ਨਜ਼ਰਬੰਦੀ ਅਧੀਨ ਨਹੀਂ ਹੋ ਅਤੇ ਆਪਣੀ ਖੁਸ਼ੀ ਨਾਲ ਕਿਸੇ ਵੀ ਸਥਾਨ 'ਤੇ ਜਾਣ ਲਈ ਆਜ਼ਾਦ ਹੋ।
- ਇੰਟਰਵਿਊ ਦਰਮਿਆਨ, ਤੁਸੀਂ ਆਪਣੀ ਕੋਲ ਮੌਜੂਦ ਦਸਤਾਵੇਜ਼ਾਂ ਨੂੰ ਉਦੋਂ ਤੱਕ ਵਰਤ ਸਕਦੇ ਹੋ ਜਦੋਂ ਤੱਕ ਕਿ ਇਹ ਨਤੀਜਤਨ ਇੰਟਰਵਿਊ ਲੈਣ ਵਿਚ ਦੇਰੀ ਦਾ ਕਾਰਨ ਨਹੀਂ ਬਣਦੇ। ਇੰਟਰਵਿਊ ਦਰਮਿਆਨ ਜਾਂ ਬਾਅਦ ਵਿਚ, ਇਹਨਾਂ ਦਸਤਾਵੇਜ਼ਾਂ ਨੂੰ ਪੁਲੀਸ ਇੰਟਰਵਿਊ ਬਿਆਨ ਵਿਚ ਸ਼ਾਮਿਲ ਕਰਨ ਜਾਂ ਅਦਾਲਤ ਦੀ ਰਜਿਸਟਰੀ ਵਿਚ ਦਾਖਲ ਕਰਵਾਉਣ ਬਾਰੇ ਆਖ ਸਕਦੇ ਹੋ।

## 5. ਇੰਟਰਵਿਊ ਦੇ ਅੰਤ ਵਿਚ

ਇੰਟਰਵਿਊ ਦੇ ਅੰਤ ਵਿਚ ਤੁਹਾਨੂੰ ਇੰਟਰਵਿਊ ਦਾ ਪਾਠ ਪੜ੍ਹਣ ਲਈ ਦਿੱਤਾ ਜਾਵੇਗਾ। ਤੁਸੀਂ ਇਸ ਨੂੰ ਆਪਣੇ ਲਈ ਪੜ੍ਹਣ ਲਈ ਆਖ ਸਕਦੇ ਹੋ।

ਤੁਹਾਨੂੰ ਇਹ ਪੁੱਛਿਆ ਜਾਵੇ ਕਿ ਤੁਸੀਂ ਕੁੱਝ ਤਬਦੀਲ ਜਾਂ ਆਪਣੇ ਬਿਆਨ ਵਿਚ ਸ਼ਾਮਿਲ ਕਰਵਾਉਣਾ ਚਾਹੁੰਦੇ ਹੋ।

## 6. ਦੁਭਾਸ਼ੀਆ ਸਹਾਇਤਾ ਅਤੇ ਅਨੁਵਾਦ ਪ੍ਰਾਪਤ ਕਰਨ ਦਾ ਅਧਿਕਾਰ

- - ਜੇਕਰ ਤੁਸੀਂ ਉਹ ਭਾਸ਼ਾ ਨਹੀਂ ਬੋਲਦੇ ਜਾਂ ਸਮਝਦੇ ਹੋ, ਜਾਂ ਤੁਸੀਂ ਬੋਲਣ ਜਾਂ ਸੁਣਨ ਵਿੱਚ ਅਸਮਰੱਥ ਹੋ, ਤਾਂ ਇੰਟਰਵਿਊ ਦੇ ਦੌਰਾਨ ਤੁਹਾਡੀ ਸਹਾਇਤਾ ਕਰਨ ਦੇ ਲਈ ਇੱਕ ਸਵੋਰਨ ਦੁਭਾਸ਼ੀਏ ਨੂੰ ਬੁਲਾਇਆ ਜਾਏਗਾ। ਇਹ ਸਹਾਇਤਾ ਮੁਫਤ ਹੁੰਦੀ ਹੈ।
- - ਤੁਹਾਨੂੰ ਆਪਣਾ ਬਿਆਨ ਆਪਣੀ ਭਾਸ਼ਾ ਵਿੱਚ ਲਿਖਣ ਲਈ ਕਿਹਾ ਜਾ ਸਕਦਾ ਹੈ।
- - ਜੇਕਰ ਤੁਸੀਂ ਕਾਰਵਾਈਆਂ ਦੀ ਭਾਸ਼ਾ ਨਹੀਂ ਸਮਝ ਪਾ ਰਹੇ, ਤਾਂ ਤੁਸੀਂ ਹਿਰਾਸਤੀ ਵਰੰਟ, ਸੰਮਨ ਅਤੇ ਕੋਰਟ ਦੇ ਫੈਸਲੇ ਦੇ ਪ੍ਰਾਸੰਗਿਕ ਪੈਰਿਆਂ ਦਾ ਅਨੁਵਾਦ ਅਜਿਹੀ ਭਾਸ਼ਾ ਵਿੱਚ ਪ੍ਰਾਪਤ ਕਰਨ ਦੇ ਲਈ ਹੱਕਦਾਰ ਹੋ, ਜਿਸ ਨੂੰ ਤੁਸੀਂ ਸਮਝ ਪਾਓ। ਇਹ ਸਹਾਇਤਾ ਮੁਫਤ ਹੁੰਦੀ ਹੈ।

**ਤੁਸੀਂ ਆਪਣੇ ਹੱਕਾਂ ਦੀ ਇਸ ਵਿਆਖਿਆ ਨੂੰ ਰੱਖ ਸਕਦੇ ਹੋ**